# ਇਕੋ ਤੇ ਸਿਰਫ਼ ਇਕੋ ਰਾਹ

(**ਜਸਵੀਰ ਰਾਣਾ** ਦੀ ਕਹਾਣੀ *ਵਿਕਲਪ* 'ਤੇ ਆਧਾਰਤ)

(ਨਾਟਕ ਸ਼ੁਰੂ ਹੋਣ 'ਤੇ ਸਟੇਜ ਦੇ ਪਿਛੋਂ ਆਵਾਜ਼ਾਂ ਆ ਰਹੀਆਂ ਹਨ।)

1 ਆਵਾਜ਼ : ਉਏ ਪਾਸੇ ਹੱਟ ਜਾ, ਕਿਧਰ ਧੁੱਸ ਦੇਈ ਜਾਨਾ ਏ ?

2 ਆਵਾਜ਼ : ਮੈਂ ਮਨਿਸਟਰ ਸਾਹਿਬ ਨੂੰ ਮਿਲਣਾ ਏ।

1 ਆਵਾਜ਼ : ਮਨਿਸਟਰ ਸਾਹਿਬ ਕੋਲ ਟੈਮ ਨਹੀਂ।

2 ਆਵਾਜ਼ : ਟੈਮ ਕਿਉਂ ਨਹੀਂ ? ਉਹਨਾਂ ਆਪ ਤਾਂ ਸਾਨੂੰ ਸੰਗਤ ਲਈ ਬੁਲਾਇਆ ਏ।
ਨੌਜਵਾਨ ਹੀ ਤਾਂ ਦੇਸ਼ ਦਾ ਭਵਿਖ ਹਨ।

ਹਰਪਾਲ : ਮੈਂ ਅਗੇ ਵੱਧਕੇ ਵਜ਼ੀਰ ਸਾਹਿਬ ਨਾਲ ਗੱਲ ਕਰਨਾ ਚਾਹੁੰਦਾ ਸਾਂ। ਦੋ ਸਾਲਾਂ ਤੋਂ ਮੈਂ ਧੱਕੇ ਖਾ ਰਿਹਾ ਸਾਂ। ਕੁਝ ਮੇਰਾ ਬਣਨਾ ਚਾਹੀਦਾ ਏ, ਮੈਂ ਦੇਖ ਰਿਹਾ ਸਾਂ ਮੰਤਰੀ ਜੀ ਕੋਲ ਟੈਮ ਨਹੀਂ। ਉਹ ਪਤਵੰਤੇ ਸੱਜਣਾਂ ਤੋਂ ਵਿਦਾ ਲੈਕੇ ਕਾਰ ਦੇ ਨੇੜੇ ਪਹੁੰਚ ਚੁੱਕੇ ਹਨ। ਉਹ ਕਾਰ ਵਿਚ ਬੈਠਕੇ ਰੁਖ਼ਸਤ ਹੋਣ ਵਾਲੇ ਸਨ। ਮੈਂ ਭੱਜਕੇ ਗੱਲ ਕਰਨੀ ਚਾਹੀ – ਪਰ ਇਕ ਕਦਮ ਵੀ ਨਾ ਪੁੱਟ ਸਕਿਆ, ਪਹਿਲਾਂ ਵਾਲੇ ਕਮਾਂਡੋ ਨੇ ਹੀ ਮੇਰੀ ਛਾਤੀ 'ਤੇ ਦੈੜ ਦੇਣੇ ਅਸਾਲਟ ਦਾ ਬੱਟ ਮਾਰਿਆ। ਮੇਰੀ ਡਿਗਰੀਆਂ ਵਾਲੀ ਫਾਇਲ ਇਕ ਪਾਸੇ ਡਿੱਗ ਪਈ। ਮੂਧੇ ਮੂੰਹ ਗੇੜਾ ਪਾਕੇ ਡਿੱਗਣ ਦੇ ਬਾਵਜੂਦ ਮੈਂ ਫੇਰ ਉਠਕੇ ਭਜਣਾ ਚਾਹਿਆ, ਪਰ ਉਸਤੋਂ ਪਹਿਲਾਂ ਹੀ ਕਮਾਂਡੋਜ਼ ਨੇ ਮੈਨੂੰ ਬਕਰੇ ਵਾਂਗ ਢਾਹ ਲਿਆ। ਅੱਖ ਦੇ ਫੋਰ ਵਿਚ ਹੀ ਅੰਨ੍ਹਾ ਕੁਟਾਪਾ ਕਰਕੇ ਉਹ ਮੰਤਰੀ ਜੀ ਦੀ ਲਾਲ ਬੱਤੀ ਵਾਲੀ ਅੰਬੈਸਡਰ ਪਿਛੇ ਦੀਆਂ ਜਿਪਸੀਆਂ ਵਿਚ ਹਵਾ ਹੋ ਗਏ। ਲੋਕ ਆਵਾਜ਼ ਦੀ ਸੰਘੀ ਵਿਚ ਅੰਗੂਠਾ ਅੜਦਾ ਵੇਖ ਸਾਰੀ ਭੀੜ ਬਦਲਾਂ ਵਾਂਗ ਛੱਟ ਗਈ। ਚਾਰ ਪੰਜ ਬੰਦਿਆਂ ਦੀ ਫੋਕੀ ਹਮਦਰਦੀ ਦੀ ਛਾਂ ਹੇਠਾਂ ਮੈਂ ਆਪੇ ਉਠਿਆ। ਉਠਕੇ ਲੋਕਾਂ ਦੇ ਪੈਰਾਂ ਹੇਠਾਂ ਮਿੱਧੀ ਗਈ ਡਿਗਰੀਆਂ ਵਾਲੀ ਫਾਈਲ ਚੁੱਕੀ ਅੱਡੇ ਵੱਲ ਤੁਰ ਪਿਆ। ਬੱਸ ਵਿਚ ਬੈਠਾ ਮੈਂ ਗੁੰਮਸੁੰਮ ਸਾਂ। ਪੁਰਾਣੇ ਸਮੇਂ ਹੁੰਦੇ ਤਾਂ ਮੇਰੀ ਫੱਟੜ ਹਾਲਤ ਵੇਖਕੇ ਕੋਈ ਹਮਦਰਦੀ ਦੀ ਆਵਾਜ਼ ਕੰਨਾਂ ਵਿਚ ਪੈ ਜਾਂਦੀ ਪਰ ਹੁਣ ਜਿਹੜੀ ਆਵਾਜ਼ ਸੁਣੀ ਉਹ ਇਹੋ ਸੀ...

ਆਵਾਜ਼ : ਓਏ ਕਾਲਜ ਆਲਾ ਲਗਦੈ ਕੋਈ ਬਦਤਮੀਜ਼... ਕੁੜੀਆਂ ਪਿਛੇ ਲੜਾਈ ਹੁੰਦੀ ਐ ਇਨ੍ਹਾਂ ਦੀ ਯਾਰ... ਹਾ ਹਾ ਹਾ

ਜਸਪਾਲ : ਬਦਤਮੀਜ਼ ਬੋਲ ਦਾ ਛਰਾਟਾ ਜਿਵੇਂ ਮੇਰੇ ਇਕੱਲੇ ਇਕੱਲੇ ਜ਼ਖ਼ਮ ਨੂੰ ਖੁਰਚ ਗਿਆ ਹੋਵੇ।...ਮੈਂ ਹੁਣ ਘਰ ਆਪਣੇ ਕਮਰੇ 'ਚ ਪੁੱਜ ਗਿਆ ਹਾਂ; ਕੰਧ 'ਤੇ ਲਗੇ ਸ਼ੀਸ਼ੇ 'ਚ ਆਪਣਾ ਚਿਹਰਾ ਦੇਖ ਰਿਹਾ ਸਾਂ।

*(ਸ਼ੀਸ਼ੇ 'ਚ ਆਪਣਾ ਚਿਹਰਾ ਦੇਖ ਰਿਹਾ ਸਾਂ, ਮਾਂ ਆਉਂਦੀ ਹੈ, ਜਸਪਾਲ ਦੀ ਉਸ ਵੱਲ ਪਿੱਠ ਹੈ।)*

ਮਾਂ : ਵੇ ਕੀ ਬਣਿਐ ਪੁੱਤਰ ?... ਵੇ ਤੂੰ ਬੋਲਦਾ ਕਿਉਂ ਨਹੀਂ ?

*(ਮੈਂ ਕੋਈ ਜਵਾਬ ਨਹੀਂ ਦੇਂਦਾ, ਮਾਂ ਦਾ ਧਿਆਨ ਖਿਲਰੀ ਹੋਈ ਫਾਇਲ ਵੱਲ ਹੈ, ਜਦੋਂ ਮੈਂ ਹੌਲੇ ਹੌਲੇ ਮੂੰਹ ਮੋੜਦਾ ਹਾਂ, ਮਾਂ ਇਕ ਦਮ ਮੇਰੀ ਅੱਖ ਦੇ ਹੇਠਾਂ ਕਾਲੇ ਨਿਸ਼ਾਨ ਨੂੰ ਦੇਖ ਲੈਂਦੀ ਹੈ।)*

ਮਾਂ : ਵੇ ਤੇਰਾ ਆਹ ਹਾਲ ਕੀਹਨੇ ਕਰਿਐ ਸ਼ੇਰ ਪੁੱਤਾ...

*(ਮਾਂ ਉਹਦੇ ਚਿਹਰੇ ਨੂੰ ਆਪਣੇ ਹੱਥਾਂ ਵਿਚ ਛੁਪਾ ਲੈਂਦੀ ਹੈ।)*

ਮਾਂ : ਵੇ ਕਿਹੜੇ ਦੁਸ਼ਟ ਨੇ ਤੇਰਾ ਆਹ ਹਾਲ ਕੀਤੈ ?

ਜਸਪਾਲ : (ਥੋੜੀ ਉੱਚੀ ਪਰ ਭਰਵੀਂ ਆਵਾਜ਼ ਵਿਚ) ਉਨ੍ਹਾਂ ਨੇ ਮਾਂ... ਜਿਨ੍ਹਾਂ ਨੂੰ ਤੂੰ ਵੋਟ ਪਾਈ ਸੀ।

ਮਾਂ : ਬਹਿ ਜਾਵੇ ਵੇ ਥੋਡੀ ਬੇੜੀ ਔਤਾਂਦੀ, ਕਿਵੇਂ ਮਗਰਮੱਛ ਸਾਰੇ ਕੁਰਸੀਆਂ'ਤੇ ਕੁੰਡਲੀਆਂ ਮਾਰੀ ਬੈਠੇ ਨੇ, ਵੇ ਜੇ ਕੁਝ ਦੇਣਾ ਨਹੀਂ ਤਾਂ ਜੁਆਕਾਂ ਨੂੰ ਐਂਤਰਾਂ ਨਾ ਮਾਰ ਮਾਰੋ ਜ਼ਾਲਮੋ।...ਪਰ ਤੇਰਾ ਕਸੂਰ ਕੀ ਸੀ ?

ਜਸਪਾਲ : (ਉਠਦਿਆਂ ਹੋਇਆਂ ਦ੍ਰਿੜ ਆਵਾਜ਼ ਵਿਚ) ਮੈਂ ਇਹਨਾਂ ਡਿਗਰੀਆਂ ਦੇ ਸਿਰ 'ਤੇ ਉਹਨਾਂ ਕੋਲੋਂ ਨੌਕਰੀ ਮੰਗਦਾ ਸਾਂ, ਕੰਮ ਮੰਗਦਾ ਸਾਂ।

ਮਾਂ : ਵੇ ਬਹਿਜਾ, ਆਰਾਮ ਨਾਲ... ਮੈਂ ਤੇਰੇ ਲਈ ਪਾਣੀ ਤੱਤਾ ਕਰਕੇ ਲਿਆਵਾਂ – ਬੇੜੀ ਬਹਿ ਜਾਵੇ ਇਹਨਾਂ ਜ਼ਾਲਮਾਂ ਦੀ।

*(ਮਾਂ ਜਾਂਦੀ ਹੈ, ਉਹਦੀਆਂ ਬਦਅਸੀਸਾਂ ਜਾਰੀ ਹਨ।)*

ਜਸਪਾਲ : ਮਾਂ ਪਾਣੀ ਤੱਤਾ ਕਰਨ ਗਈ ਹੈ। ਉਹ ਮੇਰੇ ਜ਼ਖ਼ਮਾਂ ਨੂੰ ਧੋਵੇਗੀ, ਮੇਰੀ ਪੀੜ ਨੂੰ ਆਪਣੀ ਪੀੜ ਸਮਝਕੇ ਜਰੇਗੀ। ਜ਼ਖ਼ਮਾਂ 'ਤੇ ਮਰਹਮ ਲਗਾਏਗੀ। ਮਾਵਾਂ ਦਾ ਹਮੇਸ਼ਾਂ ਇਹ ਕਿਰਦਾਰ ਰਿਹਾ ਹੈ।... ਜੇ ਮਾਵਾਂ ਦਾ ਇਹ ਕਿਰਦਾਰ ਰਿਹਾ ਹੈ ਤਾਂ ਹਾਕਮਾਂ ਦਾ ਵੀ ਇਕ ਕਿਰਦਾਰ ਰਿਹਾ ਹੈ ਤੇ ਉਹ ਕਿਰਦਾਰ ਹੈ ਜ਼ਖ਼ਮਾਂ 'ਤੇ ਲੂਣ ਲਗਾਉਣਾ – ਇਸ ਸ਼ੀਸ਼ੇ ਵੱਲ ਵੇਖਦਾ ਮੈਂ ਪਲ ਦੀ ਪਲ ਬਹੁਤ

ਕੁਝ ਸੋਚ ਗਿਆ ਹਾਂ। (ਸ਼ੀਸ਼ਾ ਰਖਦਾ ਹੈ ਤੇ ਇਕ ਤਸਵੀਰ ਚੁੱਕਦਾ ਹੈ) ਆਪਣੇ ਬਾਰੇ, ਆਪਣੀ ਮਾਂ ਬਾਰੇ, ਆਪਣੇ ਬਾਪੂ ਬਾਰੇ ਤੇ ਆਪਣੇ ਮਾਮੇ ਬਾਰੇ। ਇਹ ਤਸਵੀਰ ਮੇਰੇ ਬਾਪੂ ਅਤੇ ਮੇਰੇ ਮਾਮੇ ਦੀ ਹੈ। ਮੇਰੇ ਸਾਹਮਣੇ ਗੇਰੂਆ ਚੋਲੇ ਵਿਚ ਮੇਰਾ ਮਾਮਾ ਸੀ। ਰੌਲਿਆਂ ਵੇਲੇ ਮੇਰੇ ਨਾਨਕਿਆਂ ਵਿਚੋਂ ਟੱਬਰ ਦੇ ਦੋ ਜੀਅ ਹੀ ਰਹਿ ਗਏ ਸਨ, ਇਕ ਮੇਰੀ ਮਾਂ ਅਤੇ ਇਕ ਮੇਰਾ ਮਾਮਾ। ਮਾਮਾ ਸਾਧ ਬਣ ਗਿਆ। ਸਾਧ ਕਾਹਦਾ ਬਣਿਆ। ਹੌਲੀ ਹੌਲੀ ਉਹਦਾ ਕਿੱਤਾ ਹੀ ਬਣ ਗਿਆ। ਮੰਗ ਖਾਣਾ ਹੀ ਉਸਦਾ ਧਰਮ ਬਣ ਗਿਆ। ਪੂਰੇ ਇਲਾਕੇ ਵਿਚ ਉਹ ਸੰਤੇ ਸਾਧ ਦੇ ਨਾਂ ਨਾਲ ਮਸ਼ਹੂਰੀ ਪ੍ਰਾਪਤ ਕਰ ਗਿਆ। ਗੇਰੂਆ ਚੋਲਾ ਪਾਈ, ਮੋਢੇ ਬਗਲੀ ਟੰਗੀ, ਉਹ ਨਿਤ ਨਵੇਂ ਪਿੰਡ ਜਾ ਕੇ ਗਜਾ ਕਰਦਾ। ਆਪਣੀ ਭੈਣ ਨੂੰ ਮਿਲਣ ਕਦੀ ਕਦੀ ਸਾਡੇ ਘਰ ਵੀ ਆ ਜਾਂਦਾ। ਮੇਰੇ ਨਾਲ ਉਹਦਾ ਪਿਆਰ ਸੀ। ਆਉਂਦਿਆਂ ਹੀ ਪੁੱਛਦਾ...

*(ਸੰਤੇ ਸਾਧ ਦਾ ਦਾਖ਼ਲਾ)*

ਸੰਤਾ : ਠੀਕ ਏਂ ਭਣੇਵਿਆਂ ? ਕਾਟੋ ਫੁਲਾਂ 'ਤੇ ਖੇਡਦੀ ਏ ?

ਜਸਪਾਲ : ਆਹੋ ਮਾਮਾ ਤੂੰ ਤਾਂ ਸਾਰੇ ਫਿਕਰ ਹੀ ਲਾਹ ਦਿੱਤੇ।

ਸੰਤਾ : (ਬਗਲੀ ਰਖਕੇ ਜਸਪਾਲ ਨੂੰ ਕਲਾਵੇ ਵਿਚ ਲੈਕੇ) ਆਹੋ ਪੁੱਤਰਾ ਫਿਕਰਾਂ ਵਰਗੇ ਸਾਰੇ ਫਿਕਰ ਲਾਹ ਦਿੱਤੇ।

ਜਸਪਾਲ : ਮਾਮਾ ਸਾਡੀਆਂ ਬੋਲੀਆਂ ਵਿਚੋਂ ਇਕ ਬੋਲੀ ਉੱਚੀ ਹੁੰਦੀ ਏ –
ਨੀ ਮੈਂ ਪੁੱਤ ਤਾਂ ਜੱਟ ਦਾ ਸੀ
ਕਮਲੀਓ ਰੰਨ ਨੇ ਸਾਧ ਬਣਾਤਾ
ਮਾਮਾ ਭਲਾ ਉਹ ਕਿਹੜੀ ਕਰਮਾਂ ਵਾਲੀ ਸੋਹਣੀ ਸੀ ਜਿਹੜੀ ਸਾਡੀ ਮਾਮੀ ਤਾਂ ਨਹੀਂ ਬਣੀ ਪਰ ਸਾਡਾ ਮਾਮਾ ਉਹਦੇ ਗਮ ਵਿਚ ਸਾਧ ਬਣ ਗਿਆ।

ਸੰਤਾ : ਉਹ ਕੋਈ ਨਹੀਂ ਸੀ – ਬਸ ਪੇਟ ਦੀ ਭੁੱਖ ਨੇ ਅੰਨ ਦੀ ਲੋੜ ਨੇ ਸਾਧ ਬਣਾਤਾ।

*(ਸੁਰ ਵਿਚ ਗਾਕੇ)*

ਨੀ ਮੈਂ ਪੁੱਤ ਜੱਟ ਦਾ ਸੀ
ਕਮਲੀਓ ਅੰਨ ਨੇ ਸਾਧ ਬਣਾਤਾ
ਕਿਥੇ ਏ ਤੇਰੀ ਮਾਂ, ਤੇਰਾ ਬਾਪ ਕਿਥੇ ਏ ?

ਜਸਪਾਲ : ਮਾਮਾ ਉਹ ਤਾਂ ਖੇਤ ਨੇ, ਹੁਣੇ ਆਉਂਦੇ ਨੇ। ਇਕ ਗੱਲ ਆਖਾਂ ?

ਸੰਤਾ : (ਬੈਠਕੇ) ਆਖ, ਇਕ ਕੀ ? ਸੌ ਆਖ।

ਬਾਪੂ ਦੀ ਆਵਾਜ਼ : ਸੰਤਿਆ ਤੂੰ ਐਵੇਂ ਜੱਟਪੁਣੇ ਨੂੰ ਲਾਜ ਲਾਈ ਏ, ਛੱਡ ਸਾਧਾਂ ਦਾ ਖਹਿੜਾ। ਖੇਤੀ 'ਚ ਠੋਕਾ ਠਾਕੀ ਕਰਾਈ, ਜਿਹੋ ਜਿਹੀ ਅਸੀਂ ਖਾਂਦੇ ਹਾਂ ਰੁੱਖੀ ਸੁੱਖੀ ਤੂੰ ਵੀ ਖਾ ਲਿਆ ਕਰ।

ਸੰਤਾ : ਲੈ ਚਾਰ ਡਲਿਆਂ 'ਚ ਕੀ ਨਿਕਲਣੈ ਕਮਲਿਓ ? ਜੇ ਮੇਰੀ ਭੈਣ ਚੰਗੀ ਹੋਵੇ ਤਾਂ ਵੀ ਬੰਦਾ ਮੜ ਕੁੱਟਦਾ ਚੰਗਾ ਲਗਦੈ, ਐਨੀ ਕੁ ਜ਼ਮੀਨ ਤਾਂ ਆੜ੍ਹਤੀਏ ਦਾ ਕਰਜ਼ਾ ਹੀ ਵਧਾਉਣੀ ਏ। ਨਾਲੇ ਭਤੀਈਏ ਆਪਣੀ ਨਾ ਰੰਨ ਨਾ ਕੰਨ, ਫੇਰ ਕਾਸਦੇ ਪਿਛੇ। ਲੈ ਮੈਂ ਦੇਖਦਾ ਹਾਂ ਖੇਤੀਂ, ਤੇਰੀ ਮਾਂ ਅਤੇ ਬਾਪੂ ਨੂੰ।

*(ਬਗਲੀ ਚੁੱਕਦਾ ਹੈ।)*

ਜਸਪਾਲ : ਮਾਮਾ ਬਗਲੀ ਤਾਂ ਪਈ ਰਹਿਣ ਦੇ।

ਸੰਤਾ : ਨਾ ਭਣੇਵਿਆਂ, ਸਾਧਗੀਰੀ ਦੇ ਵੀ ਆਪਣੇ ਅਸੂਲ ਹੁੰਦੈ, ਬਗਲੀ ਦਾ ਵਸਾਹ ਨਹੀਂ ਕਰਨਾ।

*(ਬਗਲੀ ਚੁੱਕਕੇ ਜਾਂਦਾ ਹੈ।)*

ਜਸਪਾਲ : ਮਾਮਾ ਭਾਵੇਂ ਸਾਧ ਸੀ। ਮੇਰੇ ਨਾਲ ਵੀ ਉਸਦਾ ਖਾਸ ਮੋਹ ਸੀ। ਕੁਝ ਚਿਰ ਵਿਚ ਹੀ ਸਾਧੂਆਂ ਦੇ ਇਕ ਆਪਸੀ ਭੇੜ ਵਿਚ ਉਹ ਮਾਰਿਆ ਗਿਆ। ਸਾਨੂੰ ਉਹਦੇ ਮਰਨ ਦੀ ਖ਼ਬਰ ਹੀ ਮਿਲੀ ਸੀ। ਮਰਨ ਤੋਂ ਕੁਝ ਦਿਨ ਪਹਿਲਾਂ ਹੀ ਉਹ ਸਾਡੇ ਪਿੰਡ ਆ ਗਿਆ ਸੀ। ਦੋ ਦਿਨ ਰਹਿਕੇ ਗਿਆ – ਪਿੰਡ ਵਿਚ ਮੇਲਾ ਸੀ। ਉਸਨੇ ਬਾਪੂ ਨਾਲ ਮੇਲੇ ਵਿਚ ਇਹ ਫੋਟੋ ਵੀ ਖਿਚਵਾਏ। ਜਾਣ ਲਗੇ ਨੂੰ ਮਾਂ ਨੇ ਦੋ ਨਵੇਂ ਸਿਉਤੇ ਚੋਲੇ ਵੀ ਦਿੱਤੇ... ਲੈ ਚੰਦਰਿਆ, ਪਾ ਲੀਂ ਆਹ... ਅਜੇ ਇਕ ਲੈ ਜਾਨਾ, ਇਕ ਤੂੰ ਐਥੇ ਘਰੇ ਹੀ ਪੇਟੀ 'ਚ ਰੱਖ ਲੈ, ਮੈਂ ਫੇਰ ਕਦੇ ਆਕੇ ਲੈ ਜੂੰ – ਫੇਰ ਉਹ ਕਦੀ ਨਾ ਆਇਆ। ਉਹਦੇ ਮਰਨ ਦੀ ਖ਼ਬਰ 'ਤੇ ਮਾਂ ਨੇ ਜੋ ਕੀਰਨੇ ਪਾਏ ਉਹ ਮੈਨੂੰ ਕਦੋਂ ਭੁੱਲਣੇ ਨੇ – ਤੇ ਉਹਦੇ ਨਾਲ ਬਾਪੂ ਖਲੋਤਾ ਮੁਸਕਰਾ ਰਿਹਾ ਸੀ। ਫੋਟੋ ਵਿਚ ਦੋਨਾਂ ਦੇ ਚਿਹਰਿਆਂ ਦੀ ਮੁਸਕਾਣ ਉਹਨਾਂ ਦੇ ਡੂੰਘੇ ਪਿਆਰ ਦੀ ਨਿਸ਼ਾਨੀ ਸੀ।

*(ਮਾਂ ਆਉਂਦੀ ਹੈ।)*

ਮਾਂ : ਇਹ ਫੋਟੋ ਜਹੀ ਕੀ ਵੇਖਣ ਰਿਹਾ ਏਂ ?

ਜਸਪਾਲ : ਮਾਂ, ਬਾਪੂ ਅਤੇ ਮਾਮੇ ਸੰਤੂ ਦੀ ਯਾਦ ਆ ਰਹੀ ਏ।

ਮਾਂ : ਆਹੋ ਹੁਣ ਤਾਂ ਉਹਨਾਂ ਦੀ ਯਾਦ ਹੀ ਰਹਿ ਗਈ ਏ।

*(ਫੋਟੋ ਫੇਰ ਰਖਦਾ ਹੈ, ਮਾਂ ਗਰਮ ਪਾਣੀ ਨਾਲ ਪਹਿਲੇ ਜ਼ਖ਼ਮ ਧੋਂਦੀ ਹੈ, ਮਰ੍ਹਮ ਲਗਾਉਂਦੀ ਹੈ ਤੇ ਫਿਰ ਸੋਚ ਵਿਚ ਡੁੱਬ ਜਾਂਦੀ ਹੈ।)*

ਮਾਂ : ਤੇਰਾ ਬਾਪੂ ਜੀਉਂਦਾ ਹੁੰਦਾ ਤਾਂ ਮੈਂ ਕਹਿੰਦੀ... ਜਸਪਾਲ ਦੇ ਬਾਪੂ ਤੂੰ ਤੇ ਚਲਿਆ ਗਿਆ – ਪਰ ਪੁੱਤਰ ਨੂੰ ਕਿਹੋ ਜਿਹੇ ਵਖਤਾਂ ਵਿਚ ਪਾ ਗਿਆ – (ਅਵਤਾਰ ਨੂੰ) ਹੁਣ ਆਰਾਮ ਨਾਲ ਬੈਠ, ਕੋਈ ਨੀ ਲੋੜ ਧੱਕੇ ਖਾਣ ਦੀ, ਦਾਤਾ ਆਪੇ ਭਲਾ ਕਰੂ।

*(ਮਾਂ ਪਾਣੀ ਦਾ ਬਠੱਲ ਤੇ ਹੋਰ ਚੀਜ਼ਾਂ ਚੁੱਕਕੇ ਚਲੀ ਜਾਂਦੀ ਹੈ।)*

ਜਸਪਾਲ : (ਹੌਲੇ ਹੌਲੇ ਉਠਦਾ ਹੈ, ਫੇਰ ਤਸਵਰੀ ਚੁਕਦਾ ਹੈ) ਮਾਂ ਮੈਨੂੰ ਹੌਂਸਲਾ ਦੇਕੇ ਚਲੀ ਗਈ ਹੈ। ਮੈਂ ਬਾਪੂ ਦੀ ਤਸਵੀਰ ਵੱਲ ਵੇਖਦਾ ਹਾਂ – ਮੈਨੂੰ ਉਹ ਘੜੀ ਵੀ ਯਾਦ ਆਉਂਦੀ ਹੈ ਜਦੋਂ ਮੇਰਾ ਦਸਵੀਂ ਦਾ ਨਤੀਜਾ ਨਿਕਲਿਆ ਸੀ – ਬਾਪੂ ਖੁਸ਼ ਸੀ।

ਆਵਾਜ਼ : ਪਾਲੀ ਦੀ ਮਾਂ, ਹੁਣ ਫੱਟੇ ਚੁੱਕ ਦੇਵੇਗਾ ਸਾਡਾ ਪੁੱਤਰ, ਹੁਣ ਕੋਈ ਫਿਕਰ ਨਹੀਂ – ਚਾਹੇ ਸੂਈ ਦੇ ਨੱਕੇ 'ਚ ਦੀ ਲੰਘ ਜਾਂ ਪਰ ਇਹਨੂੰ ਸਿਰੇ ਤੱਕ ਪੜ੍ਹਾਉਣਾ ਈ ਪੜ੍ਹਾਉਣਾ ਏ – ਬਸ ਪੜ੍ਹ ਲਿਖਕੇ ਯੁੱਗ ਪਲਟ ਦੇਗਾ ਇਕ ਵਾਰੀ।

ਜਸਪਾਲ : ਸ਼ਾਇਦ ਉਹ ਇਕੋ ਵਾਰੀ ਸੀ। ਜਦੋਂ ਬਾਪੂ ਦੇ ਚਿਹਰੇ 'ਤੇ ਮੁਸਕਾਨ ਆਈ ਸੀ, ਨਹੀਂ ਤਾਂ ਬਾਪੂ ਹਮੇਸ਼ਾਂ ਉਦਾਸ ਹੀ ਰਹਿੰਦਾ ਸੀ। ਫਿਕਰਾਂ ਵਿਚ ਹੀ ਰਹਿੰਦਾ ਸੀ, ਨੂੰ ਕਦੀ ਵੀ ਹੱਸਦੇ ਨਹੀਂ ਵੇਖਿਆ ਸੀ। ਉਂਝ ਮਾਤਰ ਅੱਠ ਵਿਘੇ ਜ਼ਮੀਨ ਦੇ ਜ਼ੋਰ ਨਾਲ ਉਹ ਹੱਸਦਾ ਵੀ ਕਿਵੇਂ ? ਹਰ ਆਉਂਦੇ ਸਾਲ ਸੌਖਾ ਹੋਣ ਦੀ ਸੁਪਨਈ ਤਾਂਘ ਹੇਠ ਉਹ ਅੱਠ ਵਿਘੇ ਮਿੱਟੀ ਨਾਲ ਘੁਲਦਾ ਰਿਹਾ, ਪਰ ਇਕ ਦਿਨ ਵੀ ਆਰਾਮ ਨਾਲ ਨਾ ਕਮਾ ਸਕਿਆ। ਵਿਰਸੇ ਵਿਚ ਮਿਲੀ ਮੁੱਠੀ ਭਰ ਜ਼ਮੀਨ ਦੇ ਨਾਲ ਹੀ ਮੇਰੇ ਦਾਦੇ ਦੇ ਕਰਜ਼ੇ ਦੀ ਪੰਡ ਵੀ ਉਸਦੇ ਸਿਰ ਆ ਟਿਕੀ ਸੀ। ਜਿਉਂ ਜਿਉਂ ਵਕਤ ਦਾ ਕਾਰਵਾ ਅਗਾਂਹ ਸਰਕਦਾ ਗਿਆ, ਜ਼ਮੀਨ ਸੁੰਗੜਦੀ ਗਈ ਤੇ ਕਰਜ਼ੇ ਦੀ ਪੰਡ ਨਿਗਰ ਹੁੰਦੀ ਗਈ। ਮੈਥੋਂ ਵੱਡੀ ਇਕੋ ਇਕ ਭੈਣ ਦੇ ਵਿਆਹ ਵਕਤ ਤਾਂ ਸਾਨੂੰ ਇਕ ਵਿੱਘਾ ਗਹਿਣੇ ਕਰਨਾ ਪਿਆ ਸੀ, ਜਿਸ ਨੂੰ ਬਾਪੂ ਮੁੜਕੇ ਕਦੇ ਨਾ ਛੁਡਾ ਸਕਿਆ। ਮਗਰ ਐਨਾ ਕੁਝ ਹੋਣ 'ਤੇ ਵੀ ਉਹ ਮੈਨੂੰ ਹਿੱਕ ਥਾਪੜਕੇ ਕਹਿੰਦਾ...

ਆਵਾਜ਼ : ਤੂੰ ਨਾ ਘਬਰਾਈਂ ਓਏ ਮੁੰਡਿਆ, ਮੈਂ ਚਾਹੇ ਸੂਈ 'ਚ ਲੰਘ ਜਾਂ, ਪਰ ਤੈਨੂੰ ਸਿਰੇ ਤੱਕ ਪੜ੍ਹਾਉਣਾ ਹੀ ਪੜ੍ਹਾਉਣੈ। ਪੜ੍ਹ ਲਿਖਕੇ ਯੁੱਗ ਪਲਟਦੀ ਬਸ ਕੇਰਾਂ...

ਜਸਪਾਲ : ਲੇਕਿਨ ਇਹ ਕਿਵੇਂ ਹੋ ਸਕਦਾ ਸੀ ? ਮੈਂ ਹਾਂ ਕੀ.. ? ਅਜੇ ਤੱਕ ਕੋਈ ਐਸਾ ਸੂਰਮਾ ਨਹੀਂ ਸੀ ਜੰਮਿਆ ਜੋ ਛੋਟੀ ਕਿਸਾਨੀ ਨੂੰ ਅਲਾੜ੍ਹੀ ਦੇ ਪੁੜਾਂ ਵਿਚੋਂ ਕੱਢ ਸਕਦਾ। ਧਰਤੀ ਚੁੱਕੀ ਖੜ੍ਹੇ ਬਲਦਾਂ ਨੂੰ ਕੋਈ ਕਿਵੇਂ ਸੁਰਖ਼ਰੂ ਕਰਦਾ ? ਕੌਣ ਹੌਲਿਆਂ ਕਰਦਾ ਕਰਜ਼ੇ ਦੀਆਂ ਪੰਡਾਂ ? ਐਸਾ ਪੈਗੰਬਰ ਕੋਈ ਨਹੀਂ ਸੀ। ਕਟੀ ਪਤੰਗ ਦੀ ਡੋਰ ਵਾਂਗ ਸਥਿਤੀ ਸਭ ਦੇ ਹੱਥਾਂ 'ਚੋਂ ਨਿਕਲੀ ਪਈ ਸੀ। ਪਿਛਲੇ ਸਾਲ ਤਾਂ ਸਭ ਦਾ ਝੁੱਗਾ ਚੌੜ ਹੋ ਗਿਆ ਸੀ। ਗੋਰਮਿੰਟ ਤੇ ਆੜਤੀਆਂ ਦੇ ਮੋਢੇ ਨਾਲ ਮੋਢਾ ਜੋੜਕੇ ਕੁਦਰਤ ਦੀ ਕਰੋਪੀ ਵੀ ਬਰਸੀ। ਐਣ ਵਢਣ 'ਤੇ ਆਈਆਂ ਫਸਲਾਂ ਉਪਰ ਗੜ੍ਹੇ ਮਾਰ ਹੋ ਗਈ। ਤੇਜ਼ ਹਵਾਵਾਂ ਚਲੀਆਂ। ਸਾਰੀ ਫਸਲ ਵਿਛਕੇ ਗਲ ਪਚ ਗਈ। ਫੇਰ ਮੰਡੀਆਂ ਵਿਚ ਰੁਲ ਗਈ। ਆੜ੍ਹਤੀਆਂ ਦੇ ਨਖਰੇ, ਨਖਰੇਬਾਜ਼ ਤੀਵੀਆਂ ਵਾਂਗ ਠੀਕ ਹੀ ਨਾ ਹੋਣ। ਜਾਂਦੀ ਹਦ ਫਸੇ ਲੋਕਾਂ ਨੇ ਮਿੱਟੀ ਦੇ ਭਾਅ ਸੋਨਾ ਵੇਚਕੇ ਖਹਿੜਾ ਛੁਡਾਇਆ ਸੀ। ਦੀਵਾਲੀ ਵੀ ਹਨੇਰੀ ਹੀ ਮਨਾਈ ਗਈ। ਨਾ ਕੋਈ ਮੋਮਬੱਤੀ ਰੋਸ਼ਨ ਹੋਈ ਨਾ ਕੋਈ ਦੀਵਾ ਬਲਿਆ। ਪਟਾਕਿਆਂ ਦੀ ਥਾਂ ਰੁੱਸੇ ਹੋਏ ਜੁਆਕਾਂ ਦਾ ਰੁੱਦਨ ਹੀ ਗੂੰਜਿਆ। ਪੈਸਿਆਂ ਦਾ ਜਿਵੇਂ ਕਾਲ ਪੈ ਗਿਆ। ਬਹੁਤ ਕਰਜ਼ਈ ਬਣੇ ਤਾਂ ਜ਼ਮੀਨਾਂ ਗਹਿਣੇ ਧਰਨ ਲਗ ਪਏ। ਬਹੁਤਿਆਂ ਨੇ ਨਵੇਂ ਨਕੋਰ ਟਰੈਕਟਰ ਤੇ ਖੇਤੀਬਾੜੀ ਦੇ ਹੋਰ ਸੰਦ ਸ਼ਹਿਰ ਦੀਆਂ ਕਬਾੜ ਮੰਡੀਆਂ 'ਚ ਅੱਧੇ ਭਾਅ ਨੀਲਾਮ ਕਰ ਦਿੱਤੇ... ਜਦੋਂ ਹਾਲਾਤ ਬਹੁਤ ਹੀ ਮੁੱਠੀ ਵਿਚ ਆ ਗਏ ਤਾਂ ਕਈ ਵੇਚ ਮਾਰੇ ਤਾਂ ਸਾਰੇ ਪੱਤੇ ਹੀ ਮਾਤ ਕਰ ਗਏ। ਉਨ੍ਹਾਂ ਦੇ ਧੁਆਂਖੇ ਵਿਹੜਿਆਂ 'ਚ ਇਕ ਨਵੀਂ ਹੀ ਹਵਾ ਦਾ ਬੁੱਲਾ ਉਠਿਆ ਜੋ ਕਾਲੀ ਬੋਲੀ ਹਨ੍ਹੇਰੀ ਵਾਂਗ ਸ਼ੂਕਦਾ ਹੋਇਆ ਅਖ਼ਬਾਰਾਂ ਦੀਆਂ ਸੁਰਖੀਆਂ ਬਣਕੇ ਚੁਪਾਸੇ ਛਾ ਗਿਆ। ਵੇਖਦੇ-ਵੇਖਦੇ ਧਰਤੀ ਹੇਠਲੇ ਬਲਦ ਖੁਦਕੁਸ਼ੀਆਂ ਦੇ ਕਾਲੇ ਸਮੁੰਦਰ ਵਿਚ ਛਾਲਾਂ ਮਾਰਨ ਲਗ ਪਏ ਤੇ ਫੇਰ ਇਕ ਦਿਨ ਮੇਰਾ ਬਾਪੂ ਵੀ ਹੱਥ ਖੜ੍ਹੇ ਕਰ ਕਾਲੇ ਸਮੁੰਦਰ ਵਿਚ ਛਾਲ ਮਾਰ ਗਿਆ। ਸਲਫਾਸ ਦੀਆਂ ਗੋਲੀਆਂ ਖਾਕੇ ਉਹ ਮੋਟਰ 'ਤੇ ਲਾਸ਼ ਬਣਿਆ ਪਿਆ ਸੀ। ਨਾਲ ਹੀ ਕਾਗਜ਼ ਦਾ ਇਕ ਵੱਡਾ ਟੁਕੜਾ ਸੀ, ਜਿਸ 'ਤੇ ਕੁਝ ਝਰੀਟਿਆ ਹੋਇਆ ਸੀ, ਉਹ ਕਾਗਜ਼ ਮਾਂ ਦੇ ਸੰਦੂਕ 'ਚ ਹਾਲੇ ਵੀ ਸਾਂਭਿਆ ਹੋਇਆ ਏ... ਮੈਂ ਸੋਚ ਰਿਹਾ ਹਾਂ, ਬਹੁਤ ਕੁਝ ਸੋਚ ਰਿਹਾ ਹਾਂ... ਫੇਰ ਮੈਂ ਹੌਲੇ ਹੌਲੇ ਨੁਕਰ ਵਿਚ ਪਏ ਸੰਦੂਕ ਵੱਲ ਵਧਦਾ ਹਾਂ। (ਸੰਦੂਕ ਵੱਲ ਜਾਦਾ ਹੈ, ਚਾਦਰ ਵਿਚ ਵਲੇਟਿਆ ਬਹੁਤ ਕੁਝ ਲੈਕੇ